# ਓ ! ਗਲੀਜ਼ ਪੁਜਾਰੀਓ, ਹੁਣ ਬਸ ਕਰੋ ਤੇ ਸਿੱਖ ਕੌਮ ਦਾ ਖਹਿੜਾ ਛੱਡ ਦਿਓ !

-: *ਡਾ. ਹਰਜਿੰਦਰ ਸਿੰਘ ਦਿਲਗੀਰ*




ਅਖ਼ਬਾਰਾਂ ਵਿਚ ਇਕ ਹਾਸੋ-ਹੀਣੀ ਖ਼ਬਰ ਛਪੀ ਹੈ ਕਿ 4 ਜੂਨ 2016 ਦੇ ਦਿਨ ਪੰਜ ਪੁਜਾਰੀਆਂ ਨੇ ਵਰਜੀਨੀਆ (ਅਮਰੀਕਾ) ਦੇ ਗਿਆਨੀ ਕੁਲਦੀਪ ਸਿੰਘ, ਗੁਰਦੀਪ ਸਿੰਘ, ਅਮਰਜੀਤ ਸਿੰਘ, ਰਜਿੰਦਰ ਸਿੰਘ ਤੇ ਅਮਰਜੀਤ ਸਿੰਘ ਨਰੂਲਾ ਨੂੰ ਅਖੌਤੀ ਤੌਰ 'ਤੇ 'ਛੇਕ' ਦਿੱਤਾ ਹੈ। ਹਾਲਾਂ ਕਿ ਬਾਦਲ ਦੇ ਇਨ੍ਹਾਂ 'ਝਾੜੂ ਬਰਦਾਰਾਂ' ਦਾ ਇਹ ਕੂੜਨਾਮਾ (ਅਖੌਤੀ ਹੁਕਮਨਾਮਾ) ਸਿਰਫ਼ ਅਖ਼ਬਾਰਾਂ ਵਿਚ ਛਪਿਆ ਰਹਿ ਜਾਣਾ ਹੈ। ਇਨ੍ਹਾਂ (ਅਤੇ ਇਨ੍ਹਾਂ ਦੇ 'ਪੁਰਖਿਆਂ') ਦੇ ਕੂੜਨਾਮਿਆਂ ਦੀ ਅਜਿਹੀ ਬੇਕਦਰੀ ਕਈ ਨਵੀਂ ਗੱਲ ਨਹੀਂ। ਇਨ੍ਹਾਂ ਨੇ ਪਹਿਲਾਂ ਵੀ ਗੁਰਬਖ਼ਸ਼ ਸਿੰਘ ਕਾਲਾ ਅਫ਼ਗ਼ਾਨਾ, ਜੋਗਿੰਦਰ ਸਿੰਘ, ਪ੍ਰੋ ਦਰਸ਼ਨ ਸਿੰਘ ਰਾਗੀ, ਜਗਦੀਸ਼ ਸਿੰਘ ਝੀਂਡਾ, ਦੀਦਾਰ ਸਿੰਘ ਨਲਵੀ ਤੇ ਹੋਰ ਕਈਆਂ ਨੂੰ ਅਖੌਤੀ ਤੌਰ 'ਤੇ ਪੰਥ ਵਿਚੋਂ 'ਛੇਕਿਆ' ਸੀ। ਪਰ, ਪੰਥ ਨੇ ਇਨ੍ਹਾਂ ਦੇ ਅਖੌਤੀ ਹੁਕਮਾਂ ਨੂੰ ਹਮੇਸ਼ਾ ਇੰਞ ਨਜ਼ਰ-ਅੰਦਾਜ਼ ਕੀਤਾ ਜਿਵੇਂ ਇਕ ਰਾਹਗੀਰ ਇਕ ਕੁੱਤੇ ਦੇ ਭੌਂਕਣ 'ਤੇ ਚੁੱਪ ਕਰ ਕੇ ਕੋਲੋਂ ਲੰਘ ਜਾਂਦਾ ਹੈ। ਹਾਂ ਕੁਝ ਲੋਕ ਉਸ ਕੁੱਤੇ ਨੂੰ ਗਾਲ੍ਹ ਵੀ ਕੱਢ ਦੇਂਦੇ ਹਨ ਤੇ ਕੋਈ ਗੁੱਸੇ ਵਿਚ ਉਸ ਨੂੰ ਢੀਮ ਜਾਂ ਪੱਥਰ ਵੀ ਮਾਰ ਦੇਂਦਾ ਹੈ।

ਇਨ੍ਹਾਂ ਦਾ ਬਿਆਨ ਸੰਗਤਾਂ ਨੇ ਅਖ਼ਬਾਰਾਂ ਵਿਚ ਮਗਰੋਂ ਪੜ੍ਹਿਆ ਪਰ ਦਰਜਨਾਂ ਜਥੇਬੰਦੀਆਂ ਵੱਲੋਂ ਇਨ੍ਹਾਂ ਦੇ ਕੂੜਨਾਮੇ ਨੂੰ ਜੁੱਤੀ ਦੀ ਨੋਕ 'ਤੇ ਰੱਖਣ ਦਾ ਬਿਆਨ ਪਹਿਲਾਂ ਪੜ੍ਹ ਲਿਆ।

ਇਹ ਗੱਲ ਕਾਬਲੇ ਗ਼ੌਰ ਹੈ ਕਿ ਤਵਾਰੀਖ਼ ਵਿਚ, ਕਿਸੇ ਵੀ ਮਜ਼ਹਬ ਵਿਚ ਅੱਜ ਤਕ ਏਨੀ ਬੇਇਜ਼ਤੀ ਕਿਸੇ ਪੁਜਾਰੀ ਦੀ ਨਹੀਂ ਹੋਈ ਜਿੰਨੀ ਅਕਾਲ ਤਖ਼ਤ (ਦਰਅਸਲ ਬਾਦਲ ਤਖ਼ਤ) ਦੇ ਪੁਜਾਰੀਆਂ ਦੀ ਹੋਈ ਹੋਵੇ। 10 ਜੂਨ 1978 ਦੇ ਨਿਰੰਕਾਰੀਆਂ ਦੇ ਖ਼ਿਲਾਫ਼ ਹੁਕਮਨਾਮੇ (ਜਿਸ ਨੂੰ ਇਕ ਸੱਤ ਮੈਂਬਰੀ ਕਮੇਟੀ ਨੇ ਬਣਾਇਆ ਸੀ) ਤੋਂ ਮਗਰੋਂ ਇਨ੍ਹਾਂ ਪੁਜਾਰੀਆਂ ਦੇ ਅਖੌਤੀ ਹੁਕਮਨਾਮਿਆਂ (ਖ਼ਾਸ ਕਰ ਕੇ ਜਸਬੀਰ ਸਿੰਘ ਰੋਡੇ, ਰਣਜੀਤ ਸਿੰਘ, ਪੂਰਨ ਸਿੰਘ, ਜੋਗਿੰਦਰ ਸਿੰਘ ਵੇਦਾਂਤੀ, ਗੁਰਬਚਨ ਸਿੰਘ) ਨੂੰ ਸਿੱਖ ਪੰਥ ਨੇ ਦੁਰਕਾਰਿਆ ਹੈ। ਪੰਥ ਨੇ ਜਿੰਨੀ ਨਫ਼ਰਤ 1887 ਵਿਚ ਪ੍ਰੋ. ਗੁਰਮੁਖ ਸਿੰਘ ਦੇ ਖ਼ਿਲਾਫ਼ ਜਾਰੀ ਕੀਤੇ ਗਏ ਕੂੜਨਾਮੇ ਨੂੰ ਕੀਤੀ ਸੀ, ਇਨ੍ਹਾਂ ਦੇ ਕੂੜਨਾਮਿਆਂ ਦੀ ਬੇਇਜ਼ਤੀ ਉਸ ਤੋਂ ਹਜ਼ਾਰਾਂ ਗੁਣਾ ਵਧ ਕੀਤੀ ਹੈ।

ਲੋਕ ਤਾਂ ਅਰੂੜ ਸਿੰਘ ਸਰਬਰਾਹ ਨੂੰ ਇਨ੍ਹਾਂ ਗਲੀਜ਼ ਪੁਜਾਰੀਆਂ ਤੋਂ ਹਜ਼ਾਰ ਗੁਣਾ ਵਧੀਆ ਮੰਨਦੇ ਹਨ ਕਿਉਂ ਕਿ ਉਸ ਨੇ ਤਾਂ ਅਗਸਤ 1920 ਵਿਚ ਆਪਣੇ ਖ਼ਿਲਾਫ਼ ਇਕ ਪ੍ਰੋਟੈਸਟ ਇਸ਼ਤਿਹਾਰ ਮਗਰੋਂ ਅਸਤੀਫ਼ਾ ਦੇ ਦਿੱਤਾ ਸੀ (ਜੋ ਕਿ ਸਿਰਫ਼ 100 ਦੀ ਗਿਣਤੀ ਵਿਚ ਛਪਿਆ ਸੀ ਤੇ ਸਿਰਫ਼ ਅੰਮ੍ਰਿਤਸਰ ਸ਼ਹਿਰ ਵਿਚ ਗਿਣਤੀ ਦੀਆਂ ਥਾਂਵਾਂ ’ਤੇ ਲੱਗਿਆ ਸੀ)। ਪੂਰਨ ਸਿੰਘ, ਜੋਗਿੰਦਰ ਸਿੰਘ ਵੇਦਾਂਤੀ, ਗੁਰਬਚਨ ਸਿੰਘ ਵਰਗੇ ਉਹ ਪੁਜਾਰੀ ਹਨ ਜਿਨ੍ਹਾਂ ਨੂੰ (ਰਾਸ਼ਟਰ ਸੋਇਮ ਸੇਵਕ ਸੰਘ ਦਾ ਬਾਦਲ ਅਕਾਲੀ ਦਲ ਛੱਡ ਕੇ) ਸਿਖ ਪੰਥ ਦੀ ਹਰ ਜਥੇਬੰਦੀ ਐਲਾਨਿਆ ਰੱਦ ਕਰ ਚੁਕੀ ਹੈ। ਲੋਕ ਤਾਂ ਇਨ੍ਹਾਂ ਨੂੰ ਫ਼ਤਹਿ ਤਕ ਬੁਲਾਉਣ ਵਾਸਤੇ ਤਿਆਰ ਨਹੀਂ। ਸੰਗਤ ਵਿਚ ਤਾਂ ਇਹ ਜ਼ਬਰਦਸਤ ਸਕਿਊਰਿਟੀ ਤੋਂ ਬਿਨਾ ਹਾਜ਼ਰ ਵੀ ਨਹੀਂ ਹੋ ਸਕਦੇ।

ਇਹ ਉਹ ਪੁਜਾਰੀ ਹਨ ਜਿਨ੍ਹਾਂ ਨੇ ਸਰਸਾ ਦੇ ਗੁਰੂ ਨਿੰਦਕ ਗੁਰਮੀਤ ਨੂੰ ਮੁਆਫ਼ ਕਰ ਦਿੱਤਾ ਸੀ। ਇਹ ਉਹ ਪੰਥਕ ਗ਼ਦਾਰ ਹਨ ਜੋ ਗੁਰੂ ਨਾਨਕ ਸਾਹਿਬ ਵੱਲੋਂ ਰੱਦ ਕੀਤੇ ਸ੍ਰੀਚੰਦ ਦੇ ਗੁਣ ਗਾਉਂਦੇ ਹਨ, ਗੁਰੂ ਗੋਬਿੰਦ ਸਿੰਘ ਵੱਲੋਂ ਪੰਥ ਵਿਚੋਂ ਛੇਕੇ ਧੀਰਮੱਲੀਆਂ ਦੀ ਰਹਿੰਦ-ਖੂਹੰਦ ਵਡਭਾਗ ਸਿੰਘ ਦੀਆਂ ਸਿਫ਼ਤਾਂ ਕਰਦੇ ਹਨ, ਆਪਣੇ ਆਪ ਨੂੰ ਸਿੱਖਾਂ ਦਾ ਗੁਰੂ ਕਹਿਣ ਵਾਲੇ ਭੈਣੀ ਪਿੰਡ ਦੇ ਕੂਕਿਆਂ ਦੇ ਪੈਰਾਂ ’ਤੇ ਮੱਥਾ ਟੇਕਦੇ ਹਨ, ਪੰਥਕ ਮਰਿਆਦਾ ਨੂੰ ਰੱਦ ਕਰ ਕੇ ਬਾਨਾਰਸ ਤੇ ਹਰਦੁਆਰ ਦੀ ਮਰਿਆਦਾ ’ਤੇ ਅਮਲ ਕਰਨ ਵਾਲੀ ਚਿੱਟੀ ਸਿਉਂਕ ਨੂੰ ਸੰਤ, ਮਹਾਂਪੁਰਖ ਤੇ ਬ੍ਰਹਮ ਗਿਆਨੀ ਕਹਿੰਦੇ ਹਨ, ਪੰਥ ਤੇ ਪੰਜਾਬ ਦਾ ਸਭ ਤੋਂ ਵਧ ਨੁਕਸਾਨ ਕਰਨ ਵਾਲੇ ਨੂੰ ‘ਪੰਥ ਰਤਨ ਫ਼ਖ਼ਰੇ ਕੌਮ’ ਦਾ ਖ਼ਿਤਾਬ ਦੇਂਦੇ ਹਨ।

ਆਪਣੀਆਂ ਕਰਤੂਤਾਂ ਕਰ ਕੇ ਇਹ ਤਾਂ ਸਿੱਖ ਵੀ ਨਹੀਂ ਰਹੇ ਤੇ ਇਹ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹ ਕੇ ਪਾਹੁਲ ਲੈਣ ਵਾਲਿਆਂ ਦੇ ਖ਼ਿਲਾਫ਼ ਕੂੜਨਾਮੇ ਜਾਰੀ ਕਰ ਕੇ ਭਰਮ ਪਾਲਦੇ ਹਨ ਕਿ ਸਿੱਖ ਇਨ੍ਹਾਂ ਦੀ ਗੱਲ ਸੁਣਦੇ ਹਨ। ਲੋਕ ਜਾਣਦੇ ਹਨ ਕਿ ਇਹ ਬਾਦਲ, ਚੌਕ ਮਹਿਤਾ ਡੇਰਾ, ਰਾਸ਼ਟਰੀ ਸਿੱਖ ਸੰਗਤ ਤੇ ਗੁਰੂਆਂ ਦੇ ਸ਼ਰੀਕ ਬਣੀ ਬੈਠੇ ਵਿਹਲੜ, ਪਾਪੀ ਸਾਧਾਂ ਦੀਆਂ ‘ਧਾਰਮਿਕ ਵੇਸਵਾਵਾਂ ਤੇ ਰਖੈਲਾਂ’ ਹਨ। ਇਹ ਤਾਂ ਖ਼ੁਦ ਪੰਥ ’ਚੋਂ ਖਾਰਜ ਹਨ, ਇਹ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲਿਆਂ ਨੂੰ ਖਾਰਜ ਕਿਵੇਂ ਕਰ ਸਕਦੇ ਹਨ।

ਓ! ਗਲੀਜ਼ ਪੁਜਾਰੀਓ, ਤੁਹਾਡਾ ਉਹ ਦਰਜਾ ਹੈ ਜੋ ਗੁਰਬਾਣੀ ਵਿਚ ‘ਵਿਸ਼ਟਾ ਦੇ ਕੀੜੇ’ ਦਾ ਦੱਸਿਆ ਹੋਇਆ ਹੈ। ਤੁਹਾਡੇ ਕੋਲੋਂ ਸੜਹਾਂਦ ਦੀ ਬਦਬੂ ਆਉਂਦੀ ਹੈ। ਹੁਣ ਬਸ ਕਰੋ ਤੇ ਸਿੱਖ ਪੰਥ ਦਾ ਖਹਿੜਾ ਛੱਡ ਦਿਓ! ਜਾਓ, ਹੁਣ ਤੁਸੀਂ ਬਨਾਰਸ, ਹਰਦੁਆਰ ਦੇ ਮੰਦਰਾਂ ਤੇ ਨਾਗਪੁਰ ਆਰ.ਐਸ.ਐਸ. ਦੇ ਦਫ਼ਤਰ ਵਿਚ ਜਾ ਕੇ ਪੂਜਾ ਕਰੋ।

# ਡਾ. ਦਿਲਗੀਰ ਵੱਲੋਂ 29 ਜਨਵਰੀ 2009 ਨੂੰ ਦਿੱਤਾ ਬਿਆਨ ਸੱਚ ਹੋ ਨਿਬੜਿਆ ਸੀ ਤੇ ਹੈ

# ਗ਼ਲਤ ਫ਼ੈਸਲਾ 'ਹੁਕਮਨਾਮਿਆਂ' ਦਾ ਭੋਗ ਪਾ ਦੇਵੇਗਾ

29 ਜਨਵਰੀ 2009

## ਦਿਲਗੀਰ ਦਾ ਸੁਝਾਅ : ਡੂੰਘੀ ਵਿਚਾਰ ਲਈ ਕਮੇਟੀ ਬਣੇ

ਬ੍ਰਿਮਿੰਘਮ/ਇੰਗਲੈਂਡ (ਕਾਬਲ ਸਿੰਘ ਜਰਮਨੀ): ਸਿੱਖ ਇਤਿਹਾਸਕਾਰ ਡਾਕਟਰ ਹਰਜਿੰਦਰ ਸਿੰਘ ਦਾ ਵਿਚਾਰ ਹੈ ਕਿ ਅੱਜ 29 ਜਨਵਰੀ ਦਾ ਦਿਨ ਸਿੱਖ ਤਵਾਰੀਖ਼ ਵਿਚ ਇਕ ਅਹਿਮ ਦਿਨ ਸਾਬਤ ਹੋਵੇਗਾ। ਪ੍ਰੋ. ਦਰਸ਼ਨ ਸਿੰਘ ਰਾਗੀ ਦੇ ਸਬੰਧ ਵਿਚ ਅਕਾਲ ਤਖ਼ਤ ਸਾਹਿਬ ਤੋਂ ਕੀਤਾ ਜਾਣ ਵਾਲਾ ਕੋਈ ਵੀ ਐਲਾਨ ਨਾ ਸਿਰਫ਼ ਪਿਛਲੇ ਦੋ ਦਹਾਕਿਆਂ ਦਾ ਸੱਭ ਤੋਂ ਅਹਿਮ ਐਕਸ਼ਨ ਹੋਵੇਗਾ ਬਲਕਿ ਇਸ ਦਾ ਅਸਰ ਸਿੱਖ ਕੌਮ ਉਤੇ ਸਦੀਵੀ ਹੋਵੇਗਾ। ਉਨ੍ਹਾਂ ਕਿਹਾ, "ਮੈਂ ਪਹਿਲਾਂ ਵੀ ਤੇ ਅੱਜ ਵੀ 'ਜਥੇਦਾਰ' ਗਿਆਨੀ ਗੁਰਬਚਨ ਸਿੰਘ, ਬਲਵੰਤ ਸਿੰਘ ਨੰਦਗੜ੍ਹ ਅਤੇ ਗਿਆਨੀ ਤਰਲੋਚਨ ਸਿੰਘ ਨਾਲ ਖੁਲ੍ਹੀਆਂ ਵਿਚਾਰਾਂ ਕੀਤੀਆਂ ਹਨ ਅਤੇ ਮੈਨੂੰ ਆਸ ਬੱਝੀ ਹੈ ਕਿ ਉਹ ਅਕਾਲ ਤਖ਼ਤ ਦੀ ਰਹਿਤ-ਮਰਿਆਦਾ, ਸਿੱਖ ਫ਼ਲਸਫ਼ੇ ਅਤੇ ਸਿੱਖ ਤਵਾਰੀਖ਼ ਦੇ ਨਾਲ-ਨਾਲ ਪਿਛਲੇ ਕੁੱਝ ਸਾਲਾਂ ਵਿਚ ਗ੍ਰੰਥੀਆਂ ਵਲੋਂ ਕੀਤੇ ਐਲਾਨਾਂ ਦਾ ਹਸ਼ਰ ਸਾਹਵੇਂ ਰਖਦਿਆਂ ਹੋਇਆਂ ਕੋਈ ਅਜਿਹੀ ਕਾਰਵਾਈ ਨਹੀਂ ਕਰਨਗੇ ਜਿਸ ਨਾਲ ਸਿੱਖ ਕੌਮ ਦੋ ਹਿੱਸਿਆਂ ਵਿਚ ਵੰਡੀ ਜਾਵੇ।"



ਉਨ੍ਹਾਂ ਕਿਹਾ, "ਜੇ ਅੱਜ ਪੰਜ ਗ੍ਰੰਥੀਆਂ ਨੇ ਪ੍ਰੋ. ਦਰਸ਼ਨ ਸਿੰਘ ਨੂੰ ਪੰਥ ਵਿਚੋਂ ਖ਼ਾਰਜ ਕਰਨ ਵਾਲਾ ਬਿਆਨ ਜਾਰੀ ਕੀਤਾ ਤਾਂ ਇਹ ਉਨ੍ਹਾਂ ਦੇ ਨਿੱਜ ਵਾਸਤੇ, ਅਕਾਲ ਤਖ਼ਤ ਦੀ ਇੰਸਟੀਚਿਊਸ਼ਨ ਵਾਸਤੇ ਤੇ ਸਮੁੱਚੇ ਪੰਥ ਵਾਸਤੇ ਨੁਕਸਾਨਦੇਹ ਸਾਬਤ ਹੋਵੇਗਾ ਕਿਉਂਕਿ ਸਿੱਖ ਪੰਥ ਦਾ ਇਕ ਵੱਡਾ ਹਿੱਸਾ ਇਸ ਨੂੰ ਇਕ ਦਮ ਰੱਦ ਕਰ ਦੇਵੇਗਾ। ਸਿੱਖ ਇਸ ਨੂੰ 1877 ਵਿਚ ਪੁਜਾਰੀਆਂ ਵਲੋਂ ਪ੍ਰੋ. ਗੁਰਮੁਖ ਸਿੰਘ ਵਿਰੁਧ ਜਾਰੀ ਕੀਤੇ ਅਖੌਤੀ ਹੁਕਮਨਾਮੇ ਤੋਂ ਵੀ ਮਾੜਾ ਸਮਝਣਗੇ। ਉਸ ਵੇਲੇ ਤਾਂ ਅਜੇ ਮੀਡੀਆ ਦਾ ਏਨਾ ਪਸਾਰਾ ਨਹੀਂ ਸੀ ਪਰ ਹੁਣ ਤਾਂ ਸਿੱਖਾਂ ਦੇ ਘਰ-ਘਰ ਵਿਚ ਪੁੱਜਣ ਵਾਲਾ ਅਖ਼ਬਾਰ ਸਪੋਕਸਮੈਨ ਅਤੇ ਵਿਦੇਸ਼ਾਂ ਵਿਚ ਰੇਡੀਉ ਮੀਡੀਆ ਮੌਜੂਦ ਹੈ। ਇਸ ਰਾਹੀਂ ਲੋਕ ਆਵਾਜ਼ ਹਰ ਪਾਸੇ ਸ਼ੋਰ ਮਚਾ ਦੇਵੇਗੀ। ਇਹ ਸਿੱਖਾਂ ਵਿਚ ਸਿਵਲ ਵਾਰ (ਲੋਕ ਜੰਗ) ਦੀ ਸ਼ੁਰੂਆਤ ਦਾ ਐਲਾਨ-ਨਾਮਾ ਬਣ ਜਾਵੇਗਾ।"

ਡਾ. ਦਿਲਗੀਰ ਨੇ ਦਸਿਆ ਕਿ ਉਨ੍ਹਾਂ ਨੇ ਇਨ੍ਹਾਂ ਸੀਨੀਅਰ ਗ੍ਰੰਥੀਆਂ ਨੂੰ ਮਸ਼ਵਰਾ ਦਿਤਾ ਹੈ ਕਿ ਉਹ ਇਸ ਮਸਲੇ ਜਿਸ ਨੂੰ ਗ਼ਲਤ ਸ਼ੁਰੂ ਕੀਤਾ ਗਿਆ ਹੈ, ਨੂੰ ਸਿੱਖ ਵਿਦਵਾਨਾਂ ਤੇ ਮੁੱਖ ਜਥੇਬੰਦੀਆਂ ਦੀ ਇਕ ਪੰਜ-ਸੱਤ ਮੈਂਬਰੀ ਕਮੇਟੀ ਨੂੰ ਸੌਂਪ ਦੇਣ ਤੇ ਇਹ ਕਮੇਟੀ ਲੋੜ ਮੁਤਾਬਕ ਕੁੱਝ ਹੋਰ ਮੈਂਬਰ ਕੋਆਪਟ ਕਰ ਲਵੇ। ਉਨ੍ਹਾਂ ਕਿਹਾ, "ਮੈਂ ਗ੍ਰੰਥੀਆਂ ਨੂੰ ਇਸ ਕਮੇਟੀ ਵਾਸਤੇ ਕੁੱਝ ਸ਼ਖ਼ਸੀਅਤਾਂ ਦੇ ਨਾਮ ਵੀ ਸੁਝਾਏ ਹਨ। ਇਹ ਮਸਲਾ ਹੁਣ ਗ੍ਰੰਥੀਆਂ ਜਾਂ ਸ਼੍ਰੋਮਣੀ ਕਮੇਟੀ ਦਾ ਨਾ ਰਹਿ ਕੇ ਕੌਮ ਦੇ ਹਰ ਸ਼ਖ਼ਸ ਦੀ ਸੋਚ ਦਾ ਹਿੱਸਾ ਬਣ ਗਿਆ ਹੈ ਇਸ ਕਰ ਕੇ ਇਸ ਨੂੰ ਸਰਬੱਤ ਖ਼ਾਲਸਾ ਜਾਂ ਵਿਦਵਾਨਾਂ ਨੂੰ ਸੌਂਪ ਕੇ ਡੂੰਘੀ ਤੇ ਲੰਮੀ ਵਿਚਾਰ ਲਈ ਮੁਲਤਵੀ ਕਰ ਦੇਣਾ ਚਾਹੀਦਾ ਹੈ। ਪਰ ਜੇ ਅਜਿਹਾ ਨਾ ਕੀਤਾ ਗਿਆ ਅਤੇ ਕੋਈ ਗ਼ਲਤ ਜਾਂ ਇਕ ਪਾਸੜ ਐਲਾਨ ਕੀਤਾ ਗਿਆ ਤਾਂ ਲੋਕ ਇਸ ਵਿਰੁਧ ਉਠ ਖੜੇ ਹੋਣਗੇ ਤੇ ਇਸ ਦਾ ਮਤਲਬ ਇਹ ਹੋਵੇਗਾ ਕਿ ਲੋਕ ਅਕਾਲ ਤਖ਼ਤ ਦੇ ਗ੍ਰੰਥੀਆਂ, ਸ਼੍ਰੋਮਣੀ ਕਮੇਟੀ ਅਤੇ ਇਸ ਨਿਜ਼ਾਮ ਨੂੰ ਰੱਦ ਕਰਦੇ ਹਨ। ਇਹ ਪੁਜਾਰੀਵਾਦ, ਜਥੇਦਾਰਵਾਦ, ਹੁਕਮਨਾਮਾਵਾਦ ਦਾ ਭੋਗ ਪਾ ਦੇਵੇਗਾ। ਲੋਕ ਪਹਿਲਾਂ ਹੀ ਪ੍ਰੋ. ਗੁਰਮੁਖ ਸਿੰਘ ਤੇ ਜੋਗਿੰਦਰ ਸਿੰਘ ਵਿਰੁਧ ਕੀਤੇ ਐਲਾਨਾਂ ਨੂੰ ਬੁਰੀ ਤਰ੍ਹਾਂ ਰੱਦ ਕਰ ਚੁੱਕੇ ਹਨ। ਅੱਜ ਜੋ ਮੁਕਾਮ ਸਪੋਕਸਮੈਨ ਨੂੰ ਸਿੱਖਾਂ ਵਿਚ ਹਾਸਲ ਹੈ, ਉਸ ਤੋਂ ਸਮਝ ਲੈਣਾ ਚਾਹੀਦਾ ਹੈ ਕਿ ਲੋਕ-ਆਵਾਜ਼ ਗ੍ਰੰਥੀਆਂ ਤੋਂ ਕਿਤੇ ਉਪਰ ਹੈ। ਆਸ ਹੈ ਕਿ ਵਾਹਿਗੁਰੂ ਸੀਨੀਅਰ ਗ੍ਰੰਥੀਆਂ ਨੂੰ ਹਿੰਮਤ ਬਖ਼ਸ਼ਣਗੇ ਤੇ ਉਹ ਮੁਹੰਮਦ ਤੁਗ਼ਲਕ ਨੂੰ ਚੇਤੇ ਰਖਦੇ ਹੋਏ ਕੋਈ ਗ਼ਲਤੀ ਨਹੀਂ ਕਰਨਗੇ। ਇਸ ਵਿਚ ਹੀ ਉਨ੍ਹਾਂ ਦਾ ਤੇ ਪੰਥ ਦਾ ਭਲਾ ਹੈ।"

Pappu Please Leave the Panth Alone - Harjinder Singh Dilgeer
Source: www.KhalsaNews.org
Date: June 7, 2016